ਡਾਇਰੈਕਟਰ ਜਨਰਲ ਸਕੂਲ ਸਿਖਿਆ
ਪੰਜਾਬ ਆਈ.ਸੀ.ਟੀ ਸਿਖਿਆ ਸੋਸਾਇਟੀ
ਐਸ ਸੀ ਓ**-104-106,** ਸੈਕਟਰ– **34 A,** ਚਡੀਗੜ੍ਹ
ਫੋਨ ਨੰ: 2623207, 2621106, 2624673, ਫੈਕਸ ਨੰ: 2624687, 2323206

ਵੱਲ

ਸਮੂਹ ਜ਼ਿਲ੍ਹਾ ਸਿੱਖਿਆ ਅਧਿਕਾਰੀ (ਸੈ.ਸਿੱ.),
ਪੰਜਾਬ।

ਮੀਮੋ ਨੰ: 3/2-ICT-2010/Sty Grant/40528
ਮਿਤੀ 04-06-2010

ਵਿਸ਼ਾ: **ਸਕੂਲਾਂ ਨੂੰ ਦਿੱਤੀ ਜਾ ਰਹੀ ਆਈ ਸੀ ਟੀ ਪ੍ਰੋਜੈਕਟ ਤਹਿਤ ਗਰਾਂਟ ਵਿੱਚੋਂ ਖਰੀਦੀਆਂ ਜਾ ਸਕਣ ਵਾਲੀਆਂ ਚੀਜ਼ਾਂ ਦੀ ਸੂਚੀ।**

1. ਇਸ ਦਫਤਰ ਦੇ ਪੱਤਰ ਨੰ **:** 3/2-ਆਈ ਸੀ ਟੀ 33788-807 ਮਿਤੀ 26-04-2010 ਵੱਲ ਧਿਆਨ ਦੇਵੋ ਜੀ।

2. ਇਸ ਦਫਤਰ ਦੇ ਧਿਆਨ ਵਿੱਚ ਆਇਆ ਹੈ ਕਿ ਕਈ ਜ਼ਿਲ੍ਹਿਆਂ ਨੂੰ ਸਟੇਸ਼ਨਰੀ ਗਰਾਂਟ ਵਿੱਚ ਦਰਜ ਚੀਜ਼ਾਂ ਨੂੰ ਖਰੀਦਣ ਬਾਰੇ ਸਥਿਤੀ ਸਪਸ਼ਟ ਨਹੀ ਹੈ। ਇਹ ਦੱਸਿਆ ਜਾਂਦਾ ਹੈ ਕਿ ਸੂਚੀ ਵਿੱਚ ਉਹ ਸਾਰੀਆਂ ਚੀਜ਼ਾਂ ਸ਼ਾਮਲ ਕੀਤੀਆਂ ਗਈਆਂ ਹਨ ਜੋ ਕਿ ਸਟੇਸ਼ਟਰੀ ਗਰਾਂਟ ਦੇ ਫੰਡ ਵਿੱਚੋਂ ਖਰੀਦੀਆਂ ਜਾ ਸਕਦੀਆਂ ਹਨ। ਪਰ ਲੋੜੀਂਦੀ ਚੀਜ਼ ਖਰੀਦਣ ਲਈ ਫੰਡ ਦੀ ਉਪਲਬਧੀ ਹੋਣਾ ਜ਼ਰੂਰੀ ਹੈ। ਅਗਰ ਕਿਸੇ ਚੀਜ਼ ਲਈ ਚੋਖੇ ਫੰਡ ਉਪਲਬਧ ਨਹੀਂ ਹਨ ਤਾਂ ਖਰੀਦ ਨਹੀਂ ਕੀਤੀ ਜਾ ਸਕਦੀ ਹੈ। ਇਹ ਦੱਸਣਯੋਗ ਹੈ ਕਿ ਬਹੁਤ ਸਾਰੇ ਸਕੂਲਾਂ ਕੋਲ ਸਟੇਸ਼ਨਰੀ ਗਰਾਂਟ ਵਿੱਚ ਕਾਫੀ ਫੰਡ ਇੱਕਠੇ ਹੋ ਰੱਖੇ ਹਨ ਜਿਨ੍ਹਾ ਦੀ ਵਰਤੋ ਵੱਧ ਕੀਮਤ ਵਾਲੀਆਂ ਚੀਜ਼ਾਂ ਜਿਵੇਂ ਕਿ ਅਲਮਾਰੀ, ਫਲੈਕਸ ਬੋਰਡ ਜਾਂ ਕੰਪਿਊਟਰ ਕਵਰ ਆਦਿ ਲਈ ਕੀਤੀ ਜਾ ਸਕਦੀ ਹੈ। ਪਰ ਇਹਨਾਂ ਚੀਜ਼ਾਂ ਲਈ ਅਲੱਗ ਤੌਰ ਤੇ ਇਸ ਦਫਤਰ ਵੱਲੋਂ ਕੋਈ ਫੰਡ ਨਹੀਂ ਦਿੱਤੇ ਜਾਣਗੇ।

3. ਇਹ ਧਿਆਨਯੋਗ ਹੈ ਕਿ ਸਕੂਲਾਂ ਨੂੰ ਸਟੇਸ਼ਨਰੀ ਦੀਆਂ ਰੋਜ਼ ਇਸਤੇਮਾਲ ਹੋਣ ਵਾਲੀਆਂ ਚੀਜ਼ਾਂ ਨੂੰ ਖਰੀਦਣ ਲਈ ਪਹਿਲ ਦੇਣੀ ਚਾਹੀਦੀ ਹੈ ਅਤੇ ਬਾਕੀ ਚੀਜ਼ਾਂ ਫੰਡ ਦੀ ਉਪਲਬਧੀ ਅਨੁਸਾਰ ਹੀ ਖਰੀਦੀਆਂ ਜਾਣੀਆਂ ਚਾਹੀਦੀਆਂ ਹਨ।

ਡਾਇਰੈਕਟਰ ਜਨਰਲ ਸਕੂਲ ਸਿਖਿਆ
ਪੰਜਾਬ